


ਸਵੈ-ਸੇਵੀ ਸੰਸਥਾ ਨਿਸ਼ਾਨ ਵੱਲੋਂ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਸ: ਅਰੀਦਮਨਜੀਤ ਸਿੰਘ, ਮੈਲੀਸਾ ਗੋਰਡਨ, ਸ: ਕੰਵਲਜੀਤ ਸਿੰਘ ਅਤੇ ਸ: ਰਜਿੰਦਰ ਸਿੰਘ ਸੰਧੂ ਆਦਿ। ਤਸਵੀਰ : ਆਰ. ਐਨ. ਸਿੰਘ

# ਪੁਲਿਸ ਮੁਖੀ ਵੱਲੋਂ ਦੋ ਸਬ-ਇੰਸਪੈਕਟਰਾਂ ਦੇ ਅਸਤੀਫ਼ੇ ਪ੍ਰਵਾਨ ਕਰਨ ਦਾ ਮਾਮਲਾ ਭੱਖਿਆ

## 'ਨਿਸ਼ਾਨ' ਵੱਲੋਂ ਹਾਈਕੋਰਟ ਵਿਚ ਲੋਕ ਹਿਤ ਪਟੀਸ਼ਨ ਪਾਉਣ ਦਾ ਐਲਾਨ

ਜਲੰਧਰ, 27 ਫਰਵਰੀ (ਬਾਵਾ)- ਆਪਣੇ ਤੋਂ ਜੂਨੀਅਰ ਅਧਿਕਾਰੀਆਂ ਨੂੰ ਨਿਯਮਾਂ ਦੇ ਉਲਟ ਜਾ ਕੇ ਵਿਭਾਗੀ ਤਰੱਕੀਆਂ ਦਿੱਤੇ ਜਾਣ ਵਿਰੁੱਧ ਰੋਹ ਦੇ ਪ੍ਰਗਟਾਵੇ ਵਜੋਂ ਪੁਲਿਸ ਮੁਖੀ ਸ: ਪੀ. ਐਸ. ਗਿੱਲ ਨੂੰ ਅਸਤੀਫ਼ੇ ਭੇਜਣ ਵਾਲੇ ਦੋ ਸਬ-ਇੰਸਪੈਕਟਰਾਂ ਸ: ਕੰਵਲਜੀਤ ਸਿੰਘ ਅਤੇ ਸ: ਰਜਿੰਦਰ ਸਿੰਘ ਸੰਧੂ ਦੇ ਅਸਤੀਫ਼ੇ ਪ੍ਰਵਾਨ ਕਰ ਲਏ ਜਾਣ ਦਾ ਮਾਮਲਾ ਹੁਣ ਭਖ਼ਦਾ ਨਜ਼ਰ ਆ ਰਿਹਾ ਹੈ। 'ਨਿਸ਼ਾਨ' ਨਾਂਅ ਦੀ ਇਕ ਸਵੈ-ਸੇਵੀ ਸੰਸਥਾ ਨੇ ਇਸ ਮਾਮਲੇ ਨੂੰ ਹਾਈਕੋਰਟ ਵਿਚ ਲੋਕ ਹਿੱਤ ਪਟੀਸ਼ਨ ਵਜੋਂ ਲਿਜਾਣ ਦਾ ਐਲਾਨ ਕੀਤਾ ਹੈ ਜਦਕਿ ਪੀੜਤ ਸਬ-ਇੰਸਪੈਕਟਰਾਂ ਨੇ ਕਿਹਾ ਹੈ ਕਿ ਉਹ ਵਿਭਾਗ ਦੇ ਅੰਦਰ ਉੱਚ-ਅਧਿਕਾਰੀਆਂ ਵੱਲੋਂ ਨਿਯੁਕਤੀਆਂ ਅਤੇ ਤਰੱਕੀਆਂ ਵਿਚ ਮਨਮਾਨੀਆਂ ਸੰਬੰਧੀ ਰਿਕਾਰਡ ਇਕੱਤਰ ਕਰਕੇ ਕੀਤੀਆਂ ਜਾਂਦੀਆਂ ਬੇਨਿਯਮੀਆਂ ਦੇ ਪਾਜ ਉਘਾੜਣਗੇ। ਜਲੰਧਰ ਵਿਖੇ ਇਕ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਸਾਬਕਾ ਬੀ.ਐਸ.ਐਫ. ਅਧਿਕਾਰੀ ਅਤੇ 'ਨਿਸ਼ਾਨ' ਸੰਸਥਾ ਦੇ ਸ: ਅਰੀਦਮਨਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਇਸ ਮਾਮਲੇ ਵਿਚ ਨਾ ਕੇਵਲ ਹਾਈ ਕੋਰਟ ਦਾ ਦਰਵਾਜ਼ਾ ਖੜਕਾਏਗੀ ਸਗੋਂ ਰਾਜ ਦੇ ਗ੍ਰਹਿ ਮੰਤਰੀ, ਸੰਸਦ ਮੈਂਬਰਾਂ ਅਤੇ ਮੰਤਰੀਆਂ ਨੂੰ ਵੀ ਇਸ ਮਾਮਲੇ ਵਿਚ ਕੀਤੀ ਗਈ ਵਧੀਕੀ ਤੋਂ ਜਾਣੂ ਕਰਵਾਏਗੀ। ਇਸ ਮਾਮਲੇ ਵਿਚ ਗੱਲ ਕਰਦਿਆਂ ਅਸਤੀਫ਼ਾ ਦੇਣ ਵਾਲੇ ਸਬ-ਇੰਸਪੈਕਟਰਾਂ ਸ: ਕੰਵਲਜੀਤ ਸਿੰਘ ਅਤੇ ਸ: ਰਜਿੰਦਰ ਸਿੰਘ ਸੰਧੂ ਨੇ ਕਿਹਾ ਕਿ ਜਦ ਉਹ ਏ.ਐਸ.ਆਈ. ਵਜੋਂ ਭਰਤੀ ਹੋਏ ਤਾਂ ਵਿਭੋਰ ਕੁਮਾਰ ਪੁਲਿਸ ਵਿਚ ਸਿਪਾਹੀ ਸੀ ਪਰ ਅੱਜ ਉਸਨੂੰ ਤਰੱਕੀਆਂ ਦੇ ਕੇ ਇੰਸਪੈਕਟਰ ਬਣਾ ਦਿੱਤਾ ਗਿਆ ਹੈ ਜਦਕਿ ਉਹ ਸਬ-ਇੰਸਪੈਕਟਰ ਹਨ। ਇਕ ਹੋਰ ਮਾਮਲਾ ਸਾਹਮਣੇ ਲਿਆਉਂਦਿਆਂ ਉਨ੍ਹਾਂ ਕਿਹਾ ਕਿ ਯੋਗੇਸ਼ ਕੁਮਾਰ ਨਾਂਅ ਦੇ ਇਕ ਵਿਅਕਤੀ ਨੂੰ ਮਾਤਰ ਸਵਾ 16 ਸਾਲ ਦੀ ਉਮਰ ਵਿਚ ਹੀ ਭਰਤੀ ਕਰਕੇ 18 ਸਾਲ ਦੀ ਉਮਰ ਵਿਚ ਉਸਨੂੰ ਏ.ਐਸ.ਆਈ. ਵੀ ਬਣਾ ਦਿੱਤਾ ਗਿਆ ਕਿਉਂਕਿ ਉਸਦਾ ਪਿਤਾ ਡੀ.ਜੀ.ਪੀ. ਦਾ ਪੀ. ਐਸ. ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਯੂ. ਕੇ. ਦੀ ਸਾਬਕਾ ਪੁਲਿਸ ਅਧਿਕਾਰੀ ਮੈਲੀਸਾ ਗੌਰਡਨ, ਯੂ. ਕੇ. ਤੋਂ ਬੈਰਿਸਟਰ ਮਨੀਸ਼ਾ ਸਿੰਘ, ਬੈਰਿਸਟਰ ਜਤਿੰਦਰ ਸਿੰਘ ਸੰਧੂ ਅਤੇ ਸ: ਦਰਸ਼ਨ ਸਿੰਘ ਆਦਿ ਹਾਜ਼ਰ ਸਨ।